# ਸ਼ਾਹ ਹੁਸੈਨ - ਵਿਸ਼ਾ ਵਸਤੂ

Page No.
Date : / /201

ਕਹਿੰਦਾ ਹੈ ਹਰ ਸੂਫ਼ੀ ਸੰਪਰਦਾ ਦਾ ਮੁੱਖ ਲਕਸ਼ ਅੱਲਾ ਅਤੇ ਮਨੁੱਖ ਵਿਚਲੀ ਸਥਾਪਿਤ ਦੂਰੀ ਨੂੰ ਸਮਾਪਤ ਕਰ ਫਨਾਹ - ਓ - ਬਕਾਅ ਦੀ ਪ੍ਰਾਪਤੀ ਕਰਨਾ ਹੈ। ਸਥਾਪਤੀ ਸੰਪਰਦਾ ਦੇ ਅਨੁਆਈਆਂ ਦੀ ਵਿਲੱਖਣਤਾ ਤੇ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੀ ਅੰਤਰਿਕ ਜਾਂ ਅੰਦਰੂਨੀ ਸ਼ਕਤੀ ਨੂੰ ਇਕੱਤਰ ਕਰਨ ਵਾਸਤੇ ਜਿਸ ਵਿਧੀ ਵਿਧਾਨ ਨੂੰ ਅਪਣਾਉਂਦੇ ਹਨ। ਆਮ ਜਨ ਸਧਾਰਨ ਦੀ ਦ੍ਰਿਸ਼ਟੀ ਵਿਚ ਉਹ ਉਹਨਾਂ ਪ੍ਰਤੀ ਸ਼ਰਧਾ ਦੀਆਂ ਭਾਵਨਾਵਾਂ ਪੈਦਾ ਕਰਨ ਦਾ ਕਾਰਨ ਬਣਦੇ ਹਨ। ਇਹ ਅਜਿਹਾ ਜੀਵਨ ਢੰਗ ਕਾਰਨ ਬਣਦੇ ਹਨ। ਇਹ ਅਜਿਹਾ ਜੀਵਨ ਢੰਗ ਹੈ। ਜਿਹੜਾ ਉਹਨਾਂ ਨੂੰ ਰੱਬੀ ਇਬਾਦਤ ਵਿੱਚ ਸਹਾਈ ਹੁੰਦਾ ਹੈ। ਉਹ ਆਪਣੀ ਰੂਹਾਨੀ ਸ਼ਕਤੀ ਦਾ ਪ੍ਰਦਰਸ਼ਨ ਨਹੀਂ ਕਰਦੇ ਅਤੇ ਖ਼ੁਦਾਈ ਇਸ਼ਕ ਦਾ ਆਨੰਦ ਮਾਣਨ ਦੇ ਸਮਰੱਥ ਹੋ ਜਾਂਦੇ ਹਨ।

ਸ਼ਾਹ ਹੁਸੈਨ ਇਕ ਸ਼ਾਇਰ ਵਾਸਤੇ ਆਪੇ ਦੀ ਪਛਾਣ ਦੀ ਪਛਾਣ ਨੂੰ ਸੰਕੇਤ ਰੂਪ ਵਿੱਚ ਸਵੀਕਾਰ ਕਰਦਿਆਂ ਪੇਸ਼ ਕਰਦਾ ਹੈ ਕਿ ਖ਼ੁਦਾ ਨੂੰ ਮਿਲਣ ਦਾ ਇਹੋ ਮਹੱਤਵਪੂਰਨ ਮਾਰਗ ਹੈ। ਉਸਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਮਨੁੱਖ ਆਤਮਾ ਉੱਤੇ ਵਿਸ਼ੇ ਵਿਕਾਰਾਂ ਦਾ ਪਿਆ ਹੋਇਆ ਪਰਦਾ ਮਨੁੱਖ ਨੂੰ ਰੱਬੀ ਜਲਵਾ ਵੇਖਣ ਤੋਂ ਵਰਜਿਤ ਕਰਦਾ ਹੈ। ਉਸ ਵੇਖਣ ਨੂੰ ਵਰਜਿਤ ਕਰਦਾ ਹੈ। ਉਸ ਦਾ ਇਉਂ ਪ੍ਰਗਟਾਵਾ ਕਰਦਾ ਹੈ।

"ਆਪ ਨੂੰ ਪਛਾਣ ਬੰਦੇ
ਜੇ ਤੁਧ ਆਪਣਾ ਆਪ ਪਛਾਤਾ
ਸਾਹਿਬ ਨੂੰ ਮਿਲਣ ਅਸਾਨ ਬੰਦੇ।"

ਸ਼ਾਹ ਹੁਸੈਨ ਮਨੁੱਖ ਸ਼ਾਹ ਸਣੇ ਆਪੇ ਦੀ ਪਛਾਣ ਦਾ ਮਹੱਤਵ-ਪੂਰਨ ਪ੍ਰਸ਼ਨ ਚਿੰਨ ਪੇਸ਼ ਕਰਦਾ ਹੈ ਅਤੇ ਮਨੁੱਖ ਜਦੋਂ ਆਤਮ ਜਾਗ੍ਰਿਤੀ ਦੀ ਸਥਿਤੀ ਵਿਚ ਆਪਣੀ ਹੋਂਦ ਬਾਰੇ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਸਦੇ ਜੀਵਨ ਦੀ ਸਾਰੀ ਭਟਕਣਾ ਸਮਾਪਤ ਹੋ ਜਾਂਦੀ ਹੈ। ਇਹ 'ਪਛਾਣ' ਬਹੁਤ ਕਠਿਨ ਹੈ। ਪਰੰਤੂ ਇਕ ਅਨੁਭਵੀ ਤੇ ਗਿਆਨਵਾਨ

ਸਾਧਕ ਆਪਣੀ ਰੂਹਾਨੀ ਸ਼ਕਤੀ ਦੁਆਰਾ ਆਸ਼ਿਕੀਆਂ ਦੁਨਿਆਵੀ ਤਾਕਤਾ ਨੂੰ ਹਰਾਉਣ ਦੇ ਸਮਰਥ ਹੁੰਦਾ ਹੈ।

ਸ਼ਾਹ ਹੁਸੈਨ ਸੰਸਾਰ ਤੋ ਨਿਰਲੇਪ ਰਹਿ ਕੇ ਜੀਵਨ ਜਿਉਣ ਦਾ ਇੱਛਕ ਹੈ। ਇਹੀ ਕਾਰਨ ਹੈ ਕਿ ਉਹ ਫ਼ਕੀਰੀ, ਦਰਵੇਸ਼ੀ ਨੂੰ ਅਤਿ ਸ੍ਰੇਸ਼ਟ ਜੀਵ ਸਵੀਕਾਰ ਕਰਦਾ ਹੈ। ਕਿਉਂਕਿ ਫ਼ਕੀਰੀ ਦਾ ਜੀਵਨ ਸੰਸਾਰ ਤੋਂ ਨਿਰਲੇਪ ਰਹਿਣ ਦਾ ਸੰਕੇਤ ਕਰਦਾ ਹੈ। ਸਮੁੱਚੇ ਸੂਫ਼ੀ ਦਰਸ਼ਨ ਵਿੱਚ ਫ਼ਕੀਰੀ ਅਧਿਆਤਮਕ ਮਾਰਗ ਦਾ ਸਿੱਖਰ ਮੰਨੀ ਗਈ ਹੈ। ਉਸਨੂੰ ਇਸ ਗੱਲ ਦਾ ਅਨੁਭਵ ਹੈ ਕਿ ਫ਼ਕੀਰੀ ਦੀ ਦਾਤ ਰੱਬੀ ਬਖ਼ਸ਼ਿਸ਼ ਉੱਪਰ ਹੀ ਨਿਰਭਰ ਕਰਦੀ ਹੈ। ਜਦੋ ਉਹ ਕਹਿੰਦਾ ਹੈ-

"ਮਸਤਕ ਜਿਨ੍ਹਾਂ ਦੇ ਪਏ ਫ਼ਕੀਰੀ
ਭਾਗ ਤਿਨਾਂ ਦੇ ਚੰਗੇ।"

ਫ਼ਕੀਰੀ ਧਾਰਨ ਕਰਨਾ ਜੀਵਨ ਵਿਚ ਨਿਰਮਤਾ, ਤਿਆਗ, ਆਤਮ ਗਰੀਬੀ ਆਦਿ ਨੂੰ ਸਵੀਕਾਰ ਕਰਦਾ ਹੈ। ਸ਼ਾਹ ਹੁਸੈਨ ਨੂੰ ਪਤਾ ਹੈ ਕਿ ਫ਼ਕੀਰ ਅਜਿਹਾ ਸ਼ਖ਼ਸ ਹੈ ਜਿਸ ਵਿਚ ਰੱਬੀ ਇਸ਼ਕ ਜਿਹੀ ਮਹਾਨ ਦੌਲਤ ਤੋਂ ਬਿਨਾਂ ਭੁੱਖ ਨਹੀਂ ਹੈ। ਉਹ ਲਿਖਦਾ ਹੈ-

"ਸਭੈ ਜਾਤਾ ਵੱਡੀਆਂ, ਨਿਆਰੀ ਫ਼ਕੀਰਾਂ ਦੀ ਜ਼ਾਤਿ"

ਸ਼ਾਹ ਹੁਸੈਨ ਨੂੰ ਇਸ ਗੱਲ ਦਾ ਵੀ ਗਿਆਨ ਹੈ ਕਿ ਅੱਲਾ ਦੀ ਇਬਾਦਤ ਦੁਆਰਾ ਇਕ ਵਿਅਕਤੀ ਇਕ ਅਲੌਕਿਕ ਸ਼ਕਤੀ ਪ੍ਰਾਪਤ ਕਰਦਾ ਹੈ। ਉਸ ਅਨੁਸਾਰ ਕੋਈ ਵੀ ਵਸਤੂ ਸਾਥਿ ਨਹੀਂ, ਉਹ ਸੰਸਾਰ ਦੀ ਅਸਾਰਤਾ ਦੀ ਵਿਸਤ੍ਰਿਤ ਰੂਪ ਵਿਚ ਸੰਕੇਤ ਕਰਦਾ ਹੈ।

ਉਦਾਹਰਣ → "ਰਹਾ ਗਏ ਮੁਲਾ ਰਹਾ ਗਏ ਕਾਜ਼ੀ
ਰਹਾ ਗਏ ਕੋਟ ਹਜ਼ਾਰ - - -
ਕਹਾ ਹੁਸੈਨ ਫ਼ਕੀਰ ਸਾਈਂ ਦਾ
ਝੂਠਾ ਸਭ ਪਿਆਰ।"

ਅਜਿਹੀ ਸਥਿਤੀ ਵਿਚ ਸ਼ਾਹ ਹੁਸੈਨ ਨੂੰ ਮਹਿਸੂਸ ਕਰਦਾ ਹੈ ਸੰਸਾਰਿਕ ਵਸਤਾਂ ਦਾ ਪਿਆਰ ਉਚਿਤ ਨਹੀਂ। ਉਹ ਲੋਕਾਂ ਸ ਆਰਗਾ ਉੱਤੇ ਬਲ ਦਿੰਦਾ ਹੈ ਕਿਉਂਕਿ ਨਿਯਮ ਦੇ ਅਨੁਸਾਰ ਵਿਅਕਤੀ ਮੌਤ ਦੀ ਡੂੰਘੀ ਖੱਡ ਵੱਲ ਗਤੀਸ਼ੀਲ ਰਹਿੰਦਾ ਹੈ।

"ਝੂਠਾ ਤਕਬਰੀ ਚੀਜ਼ਿਆਂ ਛੋੜ ਦੇ
ਤੂੰ ਪਕੜਿ ਚਲੇਸੀ
ਖੋਰੇ ਜੀਸਾਹੀ ਨੂੰ ਤੂੰ ਧਾਇ ਵਾਰਿ
ਤੇਰੇ ਵਤਨ ਕਰੇਸੀ।"

ਸ਼ਾਹ ਹੁਸੈਨ ਦੇ ਅਨੁਸਾਰ ਰੱਬੀ ਰਜ਼ਾ ਵਿਚ ਰਹਿਣ ਵਾਲੇ ਵਿਅਕਤੀ ਮਹਾਨ ਹਨ ਕਿਉਂਕਿ ਉਹ ਸੰਸਾਰ ਵਿਚ ਵਿਚਰਦਿਆਂ ਹੋਇਆਂ ਸੰਸਾਰ ਤੋਂ ਮੁਕਤ ਰਹਿੰਦੇ ਹਨ। ਜਿਸ ਤਰ੍ਹਾਂ ਕਮਲ ਦਾ ਫੁੱਲ ਚਿੱਕੜ ਵਿਚ ਰਹਿ ਕੇ ਵੀ ਉਸ ਤੋਂ ਨਿਰਲੇਪ ਰਹਿੰਦਾ ਹੈ। ਉਸ ਅਨੁਸਾਰ ਕੇਵਲ ਇਕ ਖ਼ੁਦਾ ਦੀ ਹੋਂਦ ਸੱਚੀ ਹੈ ਬਾਕੀ ਸਾਰਾ ਸੰਸਾਰ ਨਾਸ਼ਵਾਨ ਹੈ।

"ਮਹਿਬੂਬਾਂ ਫ਼ਕੀਰਾਂ ਦਾ ਸਾਈਂ ਨਿਗਹਬਾਨ
ਜ਼ਾਹਰ ਬਾਤਨ ਇਕ ਕਰ ਜਾਣਹੁ
ਸਤ ਮੁਸ਼ਕਿਲ ਕਿੱਸਾਂ ਆਸਾਨ ---
ਕਹੈ ਹੁਸੈਨ ਫ਼ਕੀਰ ਸੱਚੇ ਸਾਈਂ
ਹੋਰ ਫ਼ਾਨੀ ਕੁੱਲ ਜਹਾਨ।"

ਰੱਬੀ ਇਸ਼ਕ ਦੀ ਸਥਿਤੀ ਵਿਚ ਇਕ ਸਾਧਕ ਦਾ ਵਿਵਹਾਰ ਬਦਲ ਜਾਂਦਾ ਹੈ ਤੇ ਸੰਸਾਰਿਕ ਲੋਕ ਉਸਦੀ ਅੰਦਰ ਆਤਮਾ ਵਿਚ ਪ੍ਰਜਵਲਿਤ ਰੱਬੀ ਇਸ਼ਕ ਦੀ ਚਿਣਗ ਵੇਖਣ ਤੋਂ ਅਸਮਰੱਥ ਰਹਿੰਦੇ ਹਨ। ਉਹ ਕਹਿੰਦੇ ਹਨ:-

"ਮੰਦੀ ਹਾਂ ਕਿ ਚੰਗੀ ਹਾਂ
ਭੀ ਸਾਹਿਬ ਤੇਰੀ ਬੰਦੀ ਹਾਂ
ਗਹਿਲਾ ਲੋਕ ਜਾਣੇ ਦੀਵਾਨੀ

ਸ਼ਾਹ ਹੁਸੈਨ ਦੇ ਅਨੁਸਾਰ ਸੰਸਾਰ ਹੀ ਸਭ ਬੁਰਾਈਆਂ ਦਾ ਸੋਮਾ ਹੈ। ਇਸ ਵਿੱਚ ਵਿਚਰਿਆਂ ਜੀਵ ਆਤਮਾ ਅਪਵਿੱਤਰ ਹੋ ਜਾਂਦੀ ਹੈ। ਉਹਨਾਂ ਅਨੁਸਾਰ:-

"ਜਗਾਂ ਦੇਖੋ ਤਗਾਂ ਕਪਟ ਹੈ,
ਕੋਹ ਨਾ ਪਾਇਓ ਚੈਨ,
ਦਗਾਬਾਜ਼ ਸੰਸਾਰ ਤੇ,
ਗੋਸ਼ਾ ਪਕੜਿ ਹੁਸੈਨ।"

ਸ਼ਾਹ ਹੁਸੈਨ ਇਕਾਂਤ ਵਿਚ ਵਿਚਰਦਿਆਂ ਜੀਵਨ ਦੇ ਅਧਿਆਤਮਿਕ ਦੌਲਤ ਇਕੱਠੀ ਕਰਨੀ ਚਾਹੁੰਦਾ ਹੈ। ਉਹ ਆਪਣੀ ਰੂਹਾਨੀ ਤਾਕਤ ਦਾ ਸੰਸਾਰ ਦੇ ਲੋਕਾਂ ਸਾਹਮਣੇ ਪ੍ਰਗਟਾਵਾ ਨਹੀਂ ਕਰਨਾ ਚਾਹੁੰਦਾ। ਉਹ ਰੱਬੀ ਇਸ਼ਕ ਦਾ ਆਨੰਦ ਮਾਣਦਿਆਂ ਮਸਤੀ। ਖੁਦਾਈ ਵਿੱਚ ਆਪਣਾ ਆਪਾ ਗਰਕ ਕਰਨਾ ਲੋਚਦਾ ਹੈ। ਰੱਬੀ ਇਸ਼ਕ ਦੀ ਪ੍ਰਾਪਤੀ ਲਈ ਕਰਮ-ਕਾਂਡ ਨਹੀਂ ਹੋਣੇ ਚਾਹੀਦੇ ਕਿਉਂਕਿ ਕਰਮ ਕਾਂਡ ਮਨੁੱਖ ਨੂੰ ਕੇਵਲ ਬਾਹਰੀ ਗਤੀਵਿਧੀਆਂ ਹੀ ਸੀਮਿਤ ਰੱਖਦੇ ਹਨ। ਸ਼ਾਹ ਹੁਸੈਨ ਅਨੁਸਾਰ:-

"ਉੱਥੇ ਹੋਰ ਨਾ ਕਾਇ ਕਬੂਲ ਨੀ ਸਿਆ
ਗੱਲ ਨੇਹੁੰ ਦੀ
ਇਕ ਜਾਏਂ ਪੀਤਤ ਪੋਹਿ ਨਾ ਜਾਏ ਤਾੜੀ
ਇਕ ਨੰਗੇ ਫਿਰਦੇ ਵਿਚ ਉਜਾੜੀ
ਕੋਈ ਖਬਰ ਨਾ ਕਾਜ਼ੀ ਤੇਰ ਦੀ।"

ਸ਼ਾਹ ਹੁਸੈਨ ਨੇ ਇਸਲਾਮੀ ਸ਼ਰੀਅਤ ਦੀ ਪਾਲਣਾ ਦੀ ਗੱਲ ਨਹੀਂ ਕੀਤੀ ਉਹ ਤਾਂ ਰੱਬੀ ਇਸ਼ਕ ਦੀ ਅਮੁੱਲ ਦਾਤ ਨੂੰ ਆਪਣੀ ਹੋਂਦ ਨਾਲ ਇਕਸਾਰ ਕਰਨਾ ਲੋਚਦਾ ਹੈ। ਉਸਨੂੰ ਸ਼ਰੀਅਤ ਤੋਂ ਅਗਲੇ ਤਰੀਕਤ ਦੇ ਮਾਰਗ ਦਾ ਮੁਸਾਫ਼ਿਰ ਕਿਹਾ ਜਾ ਸਕਦਾ ਹੈ। ਉਸਨੂੰ ਰੱਬੀ ਇਸ਼ਕ ਦੇ ਵਿਚਲੇ ਰੱਬੀ ਅਤੇ ਕਠਿਨ ਮਾਰਗ ਦਾ ਸਫ਼ਰ ਕਰਦਿਆਂ ਉਹ ਕਿਸੇ ਤਰ੍ਹਾਂ ਦੇ ਦਿਖਾਵੇ ਦਾ ਵਿਸ਼ਵਾਸ ਨਹੀਂ ਰੱਖਦਾ ਉਸ ਨੂੰ ਇਸ ਗੱਲ ਦਾ ਗਿਆਨ ਹੈ ਕਿ ਦਿਖਾਵਟ ਨਾਲ ਇਹ ਵਿਚਰਨ ਵਾਲੇ ਇਸ਼ਕ ਦੀ ਪਵਿੱਤਰ ਤੇ ਰੱਬੀ ਮਿਜ਼ਾਜ ਤੋਂ

ਤੇ ਵੇਰੇ ਪਤਾ ਤੇਹ ਆਪਣੇ ਅਸ਼ਨਾਈਆਂ ਨੂੰ ਕਿਸੇ ਪ੍ਰ
ਦੀ ਰੱਬੀ ਰੋਸ਼ਨੀ ਦਿਖਾਉਣ ਤੋਂ ਅਸਮੱਰਥ ਹੈ। ਉਹ ਸੀਮ

"ਰਾਹ ਇਸ਼ਕ ਸੂਈ ਦਾ ਨੱਕਾ
ਤਾਗਾ ਹੋਵੇ ਤਾਂ ਜਾਵੇ
ਬਾਹਰ ਪਾਕ ਅੰਦਰ ਆਲੂਦਾ
ਕਿਸਮਾ ਤੂੰ ਸ਼ੇਖ਼ ਕਹਾਵੇ।"

ਸ਼ਾਹ ਹੁਸੈਨ ਇਕ ਸੰਗਆਸ ਤੋਂ ਸਮਾਜਿਕ ਵਿਵਹਾਰ (ਪੂਰ. ਭਲਾ ਕਹਿਣਾ) ਪ੍ਰਤੀ ਉਦਾਸਹੀਣ ਹੋਣ ਵਾਸਤੇ ਕਹਿ ਹੈ। ਉਦਾਹਰਣ ਵਜੋਂ

"ਰਹੀਏ ਵੋ ਨਾਲ ਸੱਜਣ ਦੇ ਰਹੀਏ ਵੋ
ਲੱਖ ਲੱਖ ਬਦੀਆਂ ਤੇ ਸੌ ਤਾਨੇ
ਸੱਤੇ ਸਿਰ ਤੇ ਸਹੀਏ ਹੋ।"

ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿੱਚ ਮਲਾਮਤੀ ਸੰਪਰਦ ਨਾਲ ਸੰਬੰਧਿਤ ਪੂਰੀ ਕਾਫ਼ੀ ਦਰਜ ਹੈ, ਇਸ ਸੰਪਰਦਾ ਵਿਚ ਪੂਰੀ ਜੀਵਨ ਵਿਧੀ ਦਾ ਉਲੇਖ ਦਰਜ਼ ਹੈ, ਬੇਸ਼ੱਕ ਮਲਾਮਤੀ ਵਿਚਾਰਾਂ ਦਾ ਪ੍ਰਗਟਾਵਾ ਉਸਦੀਆਂ ਵਿਭਿੰਨ ਕਾਫ਼ੀਆਂ ਵਿਚ ਦਰਜ ਹੈ। ਉਦਾਹਰਣ ਵਜੋਂ:-

"ਜੇਤੀ ਜੇਤੀ ਦੁਨੀਆਂ ਰਸ ਸੀ
ਤੇਰੇ ਕੌਲੇ ਸੰਗਤੀ
ਕੂੜਾ ਦੇਖੀਂ ਸੋਟੀ ਦੇਖੀ
ਕੋਠੀ ਦੇਖੀ ਭੰਗ ਦੀ ਸਾੜ੍ਹੀ ਦੇਖੀ ਸਿਰਕਾ ਦੇਖੀ
ਨੇ ਸਿਰਤੀ ਦੇਖੀਂ ਭੰਗ ਦੀ - - - -
ਸ਼ਾਹ ਹੁਸੈਨ ਫ਼ਕੀਰ ਸਾਈਂ ਦਾ, ਇਹ
ਦੁਨਿਆਇ ਸਲੰਗ ਦੀ।"

ਜਦ ਸੂਫ਼ੀ ਭਾਵੇਂ ਕਿਸੇ ਵੀ ਸੰਪਰਦਾ ਨਾਲ ਸੰਬੰਧਿਤ ਹੋਵੇ ਉਸਦਾ ਮੁੱਖ ਉਦੇਸ਼ ਸੰਸਾਰ ਵਿਚ ਵਿਚਰਦਿਆਂ ਵੈਰਾਗ ਦੀ ਹੋਂਦ ਨਾਲ ਇਕਮਿਕ ਹੋਣਾ ਹੈ ਇਸ ਪ੍ਰਾਪਤੀ ਵਾਸਤੇ ਹਰ ਸੂਫ਼ੀ ਸੰਪਰਦਾ ਨੇ ਕੁਝ ਨਿਯਮ ਨਿਸ਼ਚਿਤ ਕੀਤੇ ਹਨ। ਸ਼ਾਹ ਹੁਸੈਨ ਜਿਸ ਮਲਾਮਤੀ ਫ਼ਿਰਕੇ ਦਾ ਉਪਾਸਕ ਹੈ ਉਹ ਆਪਣੀ ਨਿੱਜੀ ਵਿਸ਼ੇਸ਼ਤਾ ਕਾਰਨ ਵਿਲੱਖਣ ਸਥਾਪਿਤ ਹੋਈ ਹੈ। ਪਰੰਤੂ ਉਹ ਵੀ ਆਤਮਕ ਪ੍ਰਗਤੀ ਕਰਦੇ ਹੋਇਆ ਖ਼ੁਦਾ ਨਾਲ ਆਪਣੀ ਹੋਂਦ ਇਕਮਿਕ ਕਰਨ ਸਮਰੱਥ ਹੈ।

"ਕਹੇ ਹੁਸੈਨ ਫ਼ਕੀਰ ਨਿਮਾਣਾ
ਮੁਰਸ਼ਦ ਦੋਸਤ ਮਿਲਾਇਆ ਏ"

"ਮਾਹੀ ਮਾਹੀ ਕੂਕਦੀ ਮੈਂ ਆਪੇ ਰਾਂਝਣ ਹੋਈ
ਰਾਂਝਣ ਰਾਂਝਣ ਮੈਨੂੰ ਸਭ ਕੋਈ ਆਖੋ ਹੀਰ ਨਾ ਆਖੋ ਕੋਈ"

ਮਿਲਾਪ ਅਵਸਥਾ ਸੰਜੋਗ ਦੀ ਸਥਿਤੀ ਪੰਜਾਬੀ ਸੂਫ਼ੀ ਕਾਵਿ ਵਿਚ ਅਲਪ ਮਾਤਰਾ ਵਿਚ ਹੀ ਉਪਲੱਬਧ ਹੈ। ਮਿਲਾਪ ਦੀ ਅਵਸਥਾ ਦੀ ਖੋਜ ਵਿਰਲੀ ਹੀ ਸਵੀਕਾਰ ਕੀਤੀ ਹੈ ਅਤੇ ਬਹੁਤੇ ਸੂਫ਼ੀ ਕਾਵਿ ਵਿਚ ਬਿਰਹਾਂ। ਵਿਛੋੜਾ। ਹਿਜਰ ਅਤੇ ਆਤਮ ਸੰਤਾਪ ਦਾ ਹੀ ਜ਼ਿਕਰ ਹੈ।

ਸੰਖੇਪ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸ਼ਾਹ ਕਿ ਸ਼ਾਹ ਹੁਸੈਨ ਮਲਾਮਤੀ ਸੰਪਰਦਾ ਪੰਜਾਬੀ ਦਾ ਸੂਫ਼ੀ ਕਵੀ ਸ਼ਾਹ ਹੁਸੈਨ ਹੈ। ਸਾਰਾ ਸੂਫ਼ੀ ਸ਼ਾਇਰ ਇਕ ਖ਼ੁਦਾ ਨਾਲ ਇਸ਼ਕ ਦਾ ਸੰਬੰਧ ਸਥਾਪਿਤ ਕਰਕੇ ਉਸ ਨਾਲ ਫ਼ਨਾਹ-ਬ-ਬਕਾਅ ਦੀ ਸਥਿਤੀ ਪ੍ਰਾਪਤ ਕਰਦਾ। ਕੋਈ ਸੂਫ਼ੀ ਸੰਪਰਦਾ ਦੇ ਅਨੁਯਾਈ ਨੇ ਆਪਣੇ-੨ ਅਨੁਭਵ ਅਨੁਸਾਰ ਉਸ ਨਾਲ ਇਸ਼ਕੀ ਸੰਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿਸੇ ਵੀ ਸੂਫ਼ੀ ਸੰਤ ਨੇ ਸੂਫ਼ੀ ਮਤ ਦੇ ਬੁਨਿਆਦੀ ਨਿਯਮਾਂ ਦਾ ਵਿਰੋਧ ਨਹੀਂ ਕੀਤਾ ਅਤੇ ਕੇਵਲ ਆਪਣੇ ਅਨੁਭਵ ਅਨੁਸਾਰ ਖ਼ੁਦਾ ਤਕ ਪਹੁੰਚਣ ਦਾ ਮਾਰਗ ਅਪਣਾਇਆ। ਸ਼ਾਹ ਹੁਸੈਨ ਨੇ ਬਾਹਰੀ ਕੀਰਤ ਨਾਲੋਂ ਅੰਤਰਿਕ ਸਾਧਨਾ ਸ਼ੁੱਧਤਾਂ ਉੱਤੇ ਬਲ ਦਿੱਤਾ

ਜਨਮ ਤੋਂ ਮਰਨ ਉਪਰੰਤ ਪਰਮਾਤਮਾ ਦੀ ਜੋਤ ਨਾਲ ਸਮਾਉਣ
ਲਈ ਇਕਸੁਰ ਕਰਨ ਦਾ ਯਤਨ ਕੀਤਾ। ਉਹ ਤਰੀਕਤ ਦੇ
ਸਫ਼ਰ ਤੇ ਰੂਹਾਨੀ ਵਿਕਾਸ ਪ੍ਰਾਪਤ ਕਰਕੇ ਦੇ ਸਮਾਪਤ। ਨੂੰ
ਸਫ਼ਰ ਸਮਾਪਤ ਕਰਦਾ ਹੋਇਆ ਹੈ।